File No.HED-EDUC012/55/2020-2EDUCELL

I/267459/2021

ਪੰਜਾਬ ਸਰਕਾਰ
ਉਚੇਰੀ ਸਿਖਿਆ ਤੇ ਭਾਸ਼ਾ ਵਿਭਾਗ
(ਸਿੱਖਿਆ ਸੈਲ)

ਸੇਵਾ ਵਿਖੇ,

ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ,
ਪਟਿਆਲਾ।
ਮਿਤੀ,ਚੰਡੀਗੜ੍ਹ: 21-10-2021

ਵਿਸ਼ਾ:- ਵਿੱਤੀ ਸਾਲ 2021-22 ਦੌਰਾਨ ਭਾਸ਼ਾ ਵਿਭਾਗ ਦੀ ਸਕੀਮ ਐਲ.ਏ 01 ਅਧੀਨ ਲੇਖਾ ਮੱਦ 18-ਕਾਨਫਰੰਸਜ, ਸੈਮੀਨਾਰ, ਵਰਕਸ਼ਾਪਜ, ਟੂਰਜ ਆਦਿ ਲਈ ਪ੍ਰਵਾਨਤ ਬਜਟ 104.00 ਲੱਖ ਰੁਪਏ ਵਿਚੋਂ ਪੰਜਾਬੀ ਸਪਤਾਹ ਮਨਾਉਣ ਲਈ ਚਾਲੂ ਵਿੱਤੀ ਸਾਲ ਦੀ ਤੀਜੀ ਤਿਮਾਹੀ ਲਈ 20.80 ਲੱਖ ਰੁਪਏ ਦੀ ਰਾਸ਼ੀ ਖਰਚ ਕਰਨ ਦੀ ਪ੍ਰਵਾਨਗੀ ਜਾਰੀ ਕਰਨ ਸਬੰਧੀ।

****

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ:ਲੇਖਾ-1/2021/628, ਮਿਤੀ 8.10.2021 ਦੇ ਹਵਾਲੇ ਵਿਚ।

2. ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਆਪ ਦੇ ਹਵਾਲਾ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਈ ਤਜਵੀਜ ਸਨਮੁੱਖ ਪੰਜਾਬੀ ਸਪਤਾਹ ਮਨਾਉਣ ਲਈ ਵਿੱਤੀ ਸਾਲ 2021-22 ਦੌਰਾਨ ਭਾਸ਼ਾ ਵਿਭਾਗ ਦੀ ਸਕੀਮ ਐਲ.ਏ 01 ਅਧੀਨ ਲੇਖਾ ਮੱਦ 18-ਕਾਨਫਰੰਸਜ, ਸੈਮੀਨਾਰ, ਵਰਕਸ਼ਾਪਜ, ਟੂਰਜ ਆਦਿ ਲਈ ਪ੍ਰਵਾਨਤ ਬਜਟ 104.00 ਲੱਖ ਰੁਪਏ ਵਿਚੋਂ ਤੀਜੀ ਤਿਮਾਹੀ ਲਈ 20% ਦੇ ਹਿਸਾਬ ਨਾਲ 20.80 ਲੱਖ ਰੁਪਏ (ਕੇਵਲ ਵੀਹ ਲੱਖ ਅੱਸੀ ਹਜ਼ਾਰ ਰੁਪਏ) ਦੀ ਰਾਸ਼ੀ ਹੇਠ ਲਿਖੀ ਲੇਖਾ ਮੱਦ ਅਧੀਨ ਡਰਾਅ ਕਰਵਾਉਣ ਦੀ ਪ੍ਰਵਾਨਗੀ ਦਿੰਦੇ ਹਨ:-

1) ਪਲਾਨ ਸਕੀਮ ਐਲ.ਏ.-01 ਲੇਖਾ ਮੱਦ ਮੰਗ ਨੰ:05, 2202-ਆਮ ਸਿੱਖਿਆ-05-ਭਾਸ਼ਾ ਵਿਕਾਸ-102-ਭਾਰਤੀ ਆਧੁਨਿਕ ਭਾਸ਼ਾ ਦਾ ਵਿਕਾਸ ਅਤੇ ਲਿਟਰੇਚਰ ਦਾ ਵਿਕਾਸ-01-ਐਲ.ਏ-01-ਪੰਜਾਬੀ, ਹਿੰਦੀ, ਉਰਦੂ, ਸੰਸਕ੍ਰਿਤ ਭਾਸ਼ਾਵਾਂ ਦਾ ਵਿਕਾਸ ਅਤੇ ਪੰਜਾਬੀ ਸਪਤਾਹ ਮਨਾਉਣਾ-18- ਕਾਨਫਰੰਸਜ, ਸੈਮੀਨਾਰਜ਼, ਵਰਕਸ਼ਾਪਜ, ਟੂਰਜ਼ ਆਦਿ ਲਈ ਪ੍ਰਵਾਨਤ 70.72 ਲੱਖ ਰੁਪਏ ਵਿਚੋਂ 14.14 ਲੱਖ ਰੁਪਏ (ਕੇਵਲ ਚੌਦਾਂ ਲੱਖ ਚੌਦਾਂ ਹਜ਼ਾਰ ਰੁਪਏ) ਅਤੇ

2) ਮੰਗ ਨੰ: 05, 2202-ਆਮ ਸਿੱਖਿਆ-05-ਭਾਸ਼ਾ ਵਿਕਾਸ-789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ-01-ਐਲ.ਏ-01-ਪੰਜਾਬੀ, ਹਿੰਦੀ, ਉਰਦੂ, ਸੰਸਕ੍ਰਿਤ ਭਾਸ਼ਾਵਾਂ ਦਾ ਵਿਕਾਸ ਅਤੇ ਪੰਜਾਬੀ ਸਪਤਾਹ ਮਨਾਉਣਾ-18- ਕਾਨਫਰੰਸਜ, ਸੈਮੀਨਾਰਜ਼, ਵਰਕਸ਼ਾਪਜ, ਟੂਰਜ਼ ਆਦਿ ਲਈ 33.28 ਲੱਖ ਰੁਪਏ ਦੇ ਪ੍ਰਵਾਨਤ ਬਜਟ ਉਪਬੰਧ ਵਿਚੋਂ 6.66 ਲੱਖ ਰੁਪਏ (ਕੇਵਲ ਛੇ ਲੱਖ ਛਿਆਹਠ ਹਜ਼ਾਰ ਰੁਪਏ)

3. ਇਹ ਪ੍ਰਵਾਨਗੀ ਵਿੱਤ ਵਿਭਾਗ ਦੇ ਪੱਤਰ ਮਿਤੀ 15.4.2021 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਤੇ ਹੇਠ ਲਿਖੀਆਂ ਸ਼ਰਤਾਂ ਤਹਿਤ ਜਾਰੀ ਕੀਤੀ ਜਾਂਦੀ ਹੈ:-

1) ਪੰਜਾਬ ਸਰਕਾਰ, ਵਿੱਤ ਵਿਭਾਗ ਦੀਆਂ ਸਮੇਂ-ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਦੀ ਇਨ-ਬਿਨ ਪਾਲਣਾ ਕੀਤੀ ਜਾਵੇਗੀ।
2) ਇਨ੍ਹਾਂ ਫੰਡਜ਼ ਦਾ ਉਪਯੋਗ ਉਸੇ ਮੰਤਵ ਲਈ ਕੀਤਾ ਜਾਵੇਗਾ ਜਿਸ ਵਾਸਤੇ ਫੰਡਜ਼ ਰਲੀਜ ਕੀਤੇ ਗਏ ਹਨ।
3) ਇਸ ਰਾਸ਼ੀ ਦਾ ਵਰਤੋਂ ਸਰਟੀਫਿਕੇਟ ਸਰਕਾਰ/ਵਿੱਤ ਵਿਭਾਗ ਨੂੰ ਭੇਜਿਆ ਜਾਵੇਗਾ।
4) ਅਨੁਮਾਨਤ ਖਰਚੇ ਤੋਂ ਵੱਧ ਖਰਚਾ ਨਹੀਂ ਕੀਤਾ ਜਾਵੇਗਾ।
5) Covid appropriate behaviour ਅਨੁਸਾਰ ਕਾਰਵਾਈ ਕੀਤੀ ਜਾਵੇਗੀ।

ਵਿਸ਼ੇਸ਼ ਸਕੱਤਰ ਉਚੇਰੀ ਸਿੱਖਿਆ

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਤੇ ਹੱਕਦ ਰੀ) ਚੰਡੀਗੜ੍ਹ।
2. ਡਾਇਰੈਕਟਰ, ਖਜਾਨਾ ਤੇ ਲੇਖਾ ਪੰਜਾਬ ਚੰਡੀਗੜ੍ਹ।
3. ਜ਼ਿਲ੍ਹਾ ਖਜ਼ਾਨਾ ਅਫਸਰ ਪਟਿਆਲਾ।

ਵਿਸ਼ੇਸ਼ ਸਕੱਤਰ ਉਚੇਰੀ ਸਿੱਖਿਆ